ਰੋਜ਼ਾਨਾ ਅਜੀਤ, ਜਲੰਧਰ ਸ਼ੁੱਕਰਵਾਰ, 21 ਜੂਨ, 2013

# ਲਗਜ਼ਮਬਰਗ 'ਚ ਵਪਾਰ ਦੀਆਂ ਸ਼ਾਨਦਾਰ ਸੰਭਾਵਨਾਵਾਂ

## ਰਾਜਦੂਤ ਨੇ ਲੁਧਿਆਣਾ ਦੇ ਸਨਅਤਕਾਰਾਂ ਨੂੰ ਪੂੰਜੀ ਨਿਵੇਸ਼ ਲਈ ਦਿੱਤਾ ਸੱਦਾ

ਲੁਧਿਆਣਾ, 20 ਜੂਨ (ਭੁਪਿੰਦਰ ਸਿੰਘ ਬਸਰਾ)-ਪੀ.ਐੱਚ.ਡੀ. ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਵੱਲੋਂ ਲਗਜ਼ਮਬਰਗ ਯੂਰਪ ਨਾਲ ਕਾਰੋਬਾਰੀ ਸੰਭਾਵਨਾਵਾਂ ਬਾਰੇ ਇਕ ਪ੍ਰੋਗਰਾਮ ਕਰਵਾਇਆ ਗਿਆ, ਜਿਸ 'ਚ ਲਗਜ਼ਮਬਰਗ ਦੇ ਰਾਜਦੂਤ ਮਿਸਟਰ ਗੈਸਟਨ ਸਟ੍ਰੋਂਕ ਉਚੇਚੇ ਤੌਰ 'ਤੇ ਲੁਧਿਆਣਾ ਪਹੁੰਚੇ। ਇਸ ਪ੍ਰੋਗਰਾਮ ਦੌਰਾਨ ਮਿਸਟਰ ਸਟ੍ਰੋਂਕ ਨੇ ਲੁਧਿਆਣਾ ਦੇ ਕਾਰੋਬਾਰੀਆਂ ਨੂੰ ਲਗਜ਼ਮਬਰਗ ਵਿਚ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਵਾਲੀਆਂ ਸਹੂਲਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਲੁਧਿਆਣਾ ਦੇ ਕਾਰੋਬਾਰੀਆਂ ਨੂੰ ਯੂਰਪ 'ਚ ਵਪਾਰ ਤੇ ਨਿਵੇਸ਼ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ। ਮਿਸਟਰ ਸਟ੍ਰੋਂਕ ਨੇ ਕਿਹਾ ਕਿ ਲੁਧਿਆਣਾ ਦੇ ਕਾਰੋਬਾਰੀ ਲਗਜ਼ਮਬਰਗ ਵਿਖੇ ਉਦਯੋਗਾਂ ਲਈ ਪੂਰੀ ਤਰ੍ਹਾਂ ਅਨੁਕੂਲ ਮਾਹੌਲ ਦਾ ਪੂਰੀ ਤਰ੍ਹਾਂ ਲਾਹਾ ਲੈ ਸਕਦੇ ਹਨ। ਉਦਯੋਗਾਂ ਲਈ ਜ਼ਰੂਰੀ ਬਹੁ-ਭਾਸ਼ੀ ਲੇਬਰ, ਸਿੰਗਲ ਵਿੰਡੋ ਸਿਸਟਮ, ਕੌਮਾਂਤਰੀ ਵਿੱਤੀ ਕੇਂਦਰ ਸਮੇਤ ਕਈ ਅਜਿਹੀਆਂ ਵਿਸ਼ੇਸ਼ਤਾਵਾਂ ਹਨ ਜੋ ਕਾਰੋਬਾਰ ਲਈ ਲਾਹੇਵੰਦ ਹਨ। ਉਨ੍ਹਾਂ ਕਿਹਾ ਕਿ ਲਗਜ਼ਮਬਰਗ ਭਾਰਤ ਨਾਲ ਵਪਾਰਕ ਰਿਸ਼ਤਿਆਂ ਨੂੰ ਵਧੇਰੇ ਮਜ਼ਬੂਤ ਕਰਨ ਦਾ ਇਛੁੱਕ ਹੈ। ਪ੍ਰੋਗਰਾਮ ਦੌਰਾਨ ਪੀ.ਐੱਚ.ਡੀ. ਚੈਂਬਰ ਦੇ ਰਿਜ਼ਨਲ ਡਾਇਰੈਕਟਰ ਦਲੀਪ ਸ਼ਰਮਾ ਨੇ ਕਿਹਾ ਕਿ ਦੋਹਾਂ ਦੇਸ਼ਾਂ ਵਿਚਾਲੇ ਦੁਵੱਲੇ ਵਪਾਰ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕਾਰਵਾਏ ਗਏ ਇਸ ਪ੍ਰੋਗਰਾਮ ਵਿਚ ਵਾਧਾ ਹੋਵੇਗਾ। ਇਸ ਮੌਕੇ ਚੈਂਬਰ ਦੇ ਕਨਵੀਨਰ ਉਪਕਾਰ ਸਿੰਘ ਆਹੂਜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਐਲਾਨੀ ਗਈ ਸਨਅਤੀ ਨੀਤੀ ਨਾਲ ਗੁਆਂਢੀ ਮੁਲਕਾਂ ਨਾਲ ਕਾਰੋਬਾਰੀ ਸੰਭਾਵਨਾਵਾਂ ਵਧੀਆਂ ਹਨ। ਇਸ ਮੌਕੇ ਸਨਅਤਕਾਰ ਗੁਰਮੀਤ ਸਿੰਘ ਕੁਲਾਰ, ਗੁਰਪ੍ਰਗਟ ਸਿੰਘ ਕਾਹਲੋਂ, ਐੱਸ.ਸੀ. ਰਲਹਨ, ਜਗਦੇਵ ਸਿੰਘ, ਵਿਨੋਦ ਥਾਪਰ ਆਦਿ ਹਾਜ਼ਰ ਸਨ।



ਲੁਧਿਆਣਾ ਵਿਖੇ ਪੀ.ਐੱਚ.ਡੀ. ਚੈਂਬਰ ਵੱਲੋਂ ਕਰਵਾਏ ਗਏ ਪ੍ਰੋਗਰਾਮ ਦੌਰਾਨ ਲਗਜ਼ਮਬਰਗ ਦੇ ਰਾਜਦੂਤ ਮਿਸਟਰ ਗੈਸਟਨ ਸਟ੍ਰੋਂਕ, ਪੀ.ਐੱਚ.ਡੀ. ਦੇ ਰਿਜ਼ਨਲ ਡਾਇਰੈਕਟਰ ਦਲੀਪ ਸ਼ਰਮਾ, ਕਨਵੀਨਰ ਉਪਕਾਰ ਸਿੰਘ ਆਹੂਜਾ, ਐੱਸ.ਸੀ. ਰਲਹਨ ਤੇ ਹੋਰ।

ਤਸਵੀਰ: ਹਰਿੰਦਰ ਸਿੰਘ ਕਾਕਾ